## ਪਹਿਲੇ ਸਾਲਾਨਾ ਢਾਹਾਂ ਪੰਜਾਬੀ ਸਾਹਿਤ ਇਨਾਮ ਦੇ ਜੇਤੂਆਂ ਦਾ ਐਲਾਨ

### ੨੫,੦੦੦ ਕੈਨੇਡੀਅਨ ਡਾਲਰ ਦਾ ਪਹਿਲਾ ਇਨਾਮ ਪੰਜਾਬੀ ਸਾਹਿਤ ਦੇ ਅਮੀਰ ਸੱਭਿਆਚਾਰ ਅਤੇ ਪਾਰ-ਰਾਸ਼ਟਰੀ ਵਿਰਾਸਤ ਦਾ ਜਸ਼ਨ ਮਨਾਉਂਦਾ ਹੈ

ਵੈਨਕੂਵਰ, ਬੀ. ਸੀ. (੨੨ ਸਤੰਬਰ, ੨੦੧੪) - ਦੁਨੀਆਂ ਭਰ ਦੇ ੫ ਦੇਸ਼ਾਂ ਤੋਂ ੭੦ ਤੋਂ ਵੱਧ ਯੋਗ ਕਿਤਾਬਾਂ ਪ੍ਰਾਪਤ ਹੋਣ ਤੋਂ ਬਾਅਦ, ਅਵਤਾਰ ਸਿੰਘ ਬਿਲਿੰਗ ਦੇ ਨਾਵਲ 'ਖਾਲੀ ਖੂਹਾਂ ਦੀ ਕਥਾ' ਨੂੰ ੨੫,੦੦੦ ਕੈਨੇਡੀਅਨ ਡਾਲਰ ਦੇ ਢਾਹਾਂ ਪੰਜਾਬੀ ਸਾਹਿਤ ਇਨਾਮ ਦਾ ਜੇਤੂ ਐਲਾਨਿਆ ਗਿਆ ਹੈ।

ਵੈਨਕੂਵਰ, ਕੈਨੇਡਾ ਵਿੱਚ ਸਥਿਤ ਢਾਹਾਂ ਪੰਜਾਬੀ ਸਾਹਿਤ ਇਨਾਮ ਦਾ ਮਨੋਰਥ ਸਰਹੱਦਾਂ ਦੇ ਆਰ-ਪਾਰ ਪੰਜਾਬੀ ਸਾਹਿਤ ਦੀ ਰਚਨਾ ਨੂੰ ਉਤਸ਼ਾਹਿਤ ਕਰਨਾ, ਦੁਨੀਆ ਭਰ ਵਿੱਚ ਫੈਲੇ ਪੰਜਾਬੀ ਭਾਈਚਾਰਿਆਂ ਨੂੰ ਆਪਸ ਵਿਚ ਜੋੜਨਾ ਅਤੇ ਪੰਜਾਬੀ ਸਾਹਿਤ ਨੂੰ ਵਿਸ਼ਵ ਪੱਧਰ ਤੇ ਲਿਜਾਣਾ ਹੈ।

ਢਾਹਾਂ ਇਨਾਮ ਪੰਜਾਬੀ ਦੀਆਂ ਦੋ ਲਿੱਪੀਆਂ, ਗੁਰਮੁਖੀ ਜਾਂ ਸ਼ਾਹਮੁਖੀ, ਵਿੱਚੋਂ ਕਿਸੇ ਇੱਕ ਵਿੱਚ ਛਪੀ "ਗਲਪ ਦੀ ਬਿਹਤਰੀਨ ਪੁਸਤਕ" ਨੂੰ ਹਰ ਸਾਲ ੨੫,੦੦੦ ਕੈਨੇਡੀਅਨ ਡਾਲਰ ਪ੍ਰਦਾਨ ਕਰਦਾ ਹੈ। ੫੦੦੦ ਕੈਨੇਡੀਅਨ ਡਾਲਰ ਦੇ ਦੋ ਉਪ-ਇਨਾਮ ਵੀ ਦਿੱਤੇ ਜਾਂਦੇ ਹਨ ਤਾਂ ਕਿ ਤਿੰਨ ਜੇਤੂਆਂ ਵਿਚਕਾਰ ਦੋਹਾਂ ਲਿੱਪੀਆਂ ਦੀ ਪ੍ਰਤੀਨਿਧਤਾ ਹੋ ਸਕੇ। ਢਾਹਾਂ ਇਨਾਮ ਕੈਨੇਡਾ ਇੰਡੀਆ ਐਜੂਕੇਸ਼ਨ ਸੋਸਾਇਟੀ (ਸੀ. ਆਈ. ਈ. ਐੱਸ.) ਵੱਲੋਂ ਯੂਨੀਵਰਸਿਟੀ ਆਫ ਬ੍ਰਿਟਿਸ਼ ਕੋਲੰਬੀਆ (ਯੂ. ਬੀ. ਸੀ.) ਦੀ ਫੈਕਲਟੀ ਆਫ ਆਰਟਸ ਵਿਚਲੇ ਏਸ਼ੀਅਨ ਸਟੱਡੀਜ਼ ਵਿਭਾਗ ਨਾਲ ਸਾਂਝੇ ਤੌਰ ਉੱਤੇ ਦਿੱਤਾ ਜਾਂਦਾ ਹੈ। ਇਨਾਮ ਲਈ ਮਾਲੀ ਸਹਾਇਤਾ ਬਾਰਜ ਸਿੰਘ ਅਤੇ ਰੀਟਾ ਢਾਹਾਂ ਅਤੇ ਉਹਨਾਂ ਦੇ ਪਰਿਵਾਰ ਅਤੇ ਦੋਸਤਾਂ ਵੱਲੋਂ ਕੀਤੀ ਜਾਂਦੀ ਹੈ।

ਪਹਿਲੇ ਢਾਹਾਂ ਪੰਜਾਬੀ ਸਾਹਿਤ ਇਨਾਮ ਦੇ ਜੇਤੂ ਇਸ ਪ੍ਰਕਾਰ ਹਨ:

੨੫,੦੦੦ ਕੈਨੇਡੀਅਨ ਡਾਲਰ ਦਾ ਪਹਿਲਾ ਇਨਾਮ : "ਖਾਲੀ ਖੂਹਾਂ ਦੀ ਕਥਾ" (ਨਾਵਲ) ਅਵਤਾਰ ਸਿੰਘ ਬਿਲਿੰਗ (ਗੁਰਮੁਖੀ)

੫,੦੦੦ ਕੈਨੇਡੀਅਨ ਡਾਲਰ ਦਾ ਉਪ-ਇਨਾਮ : "ਇੱਕ ਰਾਤ ਦਾ ਸਮੁੰਦਰ" (ਕਹਾਣੀਆਂ) ਜਸਬੀਰ ਭੁੱਲਰ (ਗੁਰਮੁਖੀ)

੫,੦੦੦ ਕੈਨੇਡੀਅਨ ਡਾਲਰ ਦਾ ਉਪ-ਇਨਾਮ : "ਕਬੂਤਰ, ਬਨੇਰੇ ਤੇ ਗਲੀਆਂ" (ਕਹਾਣੀਆਂ) ਜ਼ੁਬੈਰ ਅਹਿਮਦ (ਸ਼ਾਹਮੁਖੀ)

"ਮੈਨੂੰ ਖੁਸ਼ੀ ਮਹਿਸੂਸ ਹੋ ਰਹੀ ਹੈ ਅਤੇ ਮੈਂ ਆਪਣੇ ਆਪ ਨੂੰ ਕਿਸਮਤ ਵਾਲਾ ਸਮਝਦਾ ਹਾਂ ਕਿ ਮੈਂ ਪਲੇਠੇ ਅਤੇ ਮਿਆਰੀ ਢਾਹਾਂ ਪੰਜਾਬੀ ਸਾਹਿਤ ਇਨਾਮ ਜਿੱਤਣ ਵਾਲਾ ਪਹਿਲਾ ਲੇਖਕ ਹਾਂ", ਇਹ ਕਹਿਣਾ ਹੈ ਖਾਲੀ ਖੂਹਾਂ ਦੀ ਕਥਾ ਦੇ ਲੇਖਕ ਅਵਤਾਰ ਸਿੰਘ ਬਿਲਿੰਗ ਦਾ ।"ਕੈਨੇਡਾ ਇੰਡੀਆ ਐਜੂਕੇਸ਼ਨ ਸੋਸਾਇਟੀ ਤੇ ਯੂਨੀਵਰਸਿਟੀ ਆਫ ਬ੍ਰਿਟਿਸ਼ ਕੋਲੰਬੀਆ ਨੇ ਪੰਜਾਬੀ ਗਲਪ ਲਈ ਅਜਿਹਾ ਵਿਲੱਖਣ ਅਤੇ ਅੰਤਰ-ਰਾਸ਼ਟਰੀ ਇਨਾਮ ਸਥਾਪਿਤ ਕਰਕੇ ਇਤਿਹਾਸ ਰਚਿਆ ਹੈ। ਮੈਂ ਮਾਣ ਮਹਿਸੂਸ ਕਰਦਾ ਹਾਂ ਕਿ ਪੰਜਾਬੀ ਸਾਹਿਤ ਜਗਤ ਨੇ ਮੇਰੇ ਛੇਵੇਂ ਨਾਵਲ ਨੂੰ ਇਨਾਮ ਦੇ ਯੋਗ ਸਮਝਿਆ"।

ਪੰਜਾਬੀ ਸਾਹਿਤ ਕੋਲ ਇੱਕ ਪੁਰਾਣੀ ਅਤੇ ਅਮੀਰ ਸਾਹਿਤਕ ਪਰੰਪਰਾ ਹੈ ਅਤੇ ਇਸਨੂੰ ਦੁਨੀਆ ਭਰ ਵਿੱਚ ਸਿਰਜਿਆ ਜਾਂਦਾ ਹੈ। ਸੀ. ਆਈ. ਈ. ਐਸ. ਦੇ ਸਹਿ-ਸੰਸਥਾਪਕ ਬਾਰਜ ਸਿੰਘ ਢਾਹਾਂ ਦਾ ਕਹਿਣਾ ਹੈ, "ਪੰਜਾਬੀ ੧੧੫ ਸਾਲਾਂ ਤੋਂ ਕੈਨੇਡੀਅਨ ਬੋਲੀ ਹੈ ਅਤੇ ਇਸ ਇਨਾਮ ਦਾ ਵਿਲੱਖਣਤਾ ਨਾਲ ਕੈਨੇਡੀਅਨ ਹੋਣਾ ਉਤੇਜਿਤ ਕਰਨ ਵਾਲੀ ਗੱਲ ਹੈ।

ਇਨਾਮ ਸਲਾਹਕਾਰ ਕਮੇਟੀ ਨੇ ਇਨਾਮ ਦੇ ਫੈਸਲੇ ਲਈ ਉੱਘੇ ਲੇਖਕਾਂ ਅਤੇ ਵਿਦਵਾਨਾਂ ਦੀ ਇੱਕ ਆਜ਼ਾਦ ਅਤੇ ਨਿਰਪੱਖ ਨਿਰਣਾਇਕ ਸਭਾ ਦਾ ਗਠਨ ਕਰਨ ਵਿੱਚ ਅਹਿਮ ਭੂਮਿਕਾ ਨਿਭਾਈ। ਇਨਾਮ ਸਲਾਹਕਾਰ ਕਮੇਟੀ ਦੀ ਪ੍ਰਮੁੱਖ ਐਨ ਮਰਫੀ ਨੇ ਦੱਸਿਆ, "ਸਾਡੇ ਕੋਲ ਤਿੰਨ ਨਿਰਣਾਇਕ ਸਭਾਵਾਂ ਹਨ: ਇੱਕ ਸ਼ਾਹਮੁਖੀ ਕਿਤਾਬਾਂ ਦੀ ਚੋਣ ਲਈ, ਇੱਕ ਗੁਰਮੁਖੀ ਕਿਤਾਬਾਂ ਲਈ ਅਤੇ ਇੱਕ ਕੇਂਦਰੀ ਸਭਾ ਜਿਸਨੇ ਜੇਤੂਆਂ ਦਾ ਫੈਸਲਾ ਕੀਤਾ। ਇੱਕ ਸਭਾ ਦੇ ਮੈਂਬਰ ਕਿਸੇ ਹੋਰ ਸਭਾ ਦਾ ਭਾਗ ਨਹੀਂ ਬਣ ਸਕਦੇ ਅਤੇ ਮੈਂਬਰਾਂ ਦੇ ਨਾਂ ਇਨਾਮ ਦਾ ਫੈਸਲਾ ਹੋ ਜਾਣ ਤੱਕ ਕਿਸੇ ਹੋਰ ਨੂੰ ਦੱਸੇ ਨਹੀਂ ਗਏ। ਇਹ ਬਹੁਤ ਅਹਿਮ ਹੈ ਕਿ ਅਸੀਂ ਹਮੇਸ਼ਾ ਇੱਕ ਮਜ਼ਬੂਤ ਅਤੇ ਨਿਆਂਪੂਰਣ ਢਾਂਚਾ ਬਣਾ ਕੇ ਰੱਖੀਏ।"

੨੪ ਅਕਤੂਬਰ ਦਿਨ ਸ਼ੁੱਕਰਵਾਰ ਸ਼ਾਮ ੬:੩੦ ਤੋਂ ੮:੦੦ ਵਜੇ ਤੱਕ ਐਸ. ਐਫ. ਯੂ. ਸਰੀ ਵਿਖੇ ਢਾਹਾਂ ਇਨਾਮ ਵੱਲੋਂ ਇੱਕ ਜਨਤਕ ਸਮਾਗਮ ਕੀਤਾ ਜਾਵੇਗਾ, ਜਿਸ ਤੋਂ ਬਾਅਦ ਵਿੱਚ ਦਾਅਵਤ ਦਿੱਤੀ ਜਾਵੇਗੀ। ਇਸ ਦੌਰਾਨ ਇਨਾਮ ਜੇਤੂ ਲੇਖਕ ਆਪਣੀ-ਆਪਣੀ ਇਨਾਮੀ ਕਿਤਾਬ ਦੇ ਹਿੱਸੇ, ਅੰਗਰੇਜ਼ੀ ਤਰਜ਼ਮੇ ਸਮੇਤ ਪੜ੍ਹ ਕੇ ਸੁਣਾਉਣਗੇ। ਇਸ ਸ਼ਾਮ ਦਾ ਪ੍ਰਬੰਧ ਐਸ. ਐਫ. ਯੂ. ਵਿਸ਼ਵ ਸਾਹਿਤ ਪ੍ਰੋਗ੍ਰਾਮ ਨਾਲ ਸਾਂਝੇ ਤੌਰ ਤੇ ਕੀਤਾ ਜਾਵੇਗਾ ਅਤੇ ਇਸ ਦੌਰਾਨ ਪ੍ਰਸ਼ਨ-ਉੱਤਰ ਵੀ ਕੀਤੇ ਜਾਣਗੇ ਅਤੇ ਦਾਅਵਤ

ਦੌਰਾਨ ਲੋਕਾਂ ਨੂੰ ਸਾਡੇ ਅਜ਼ੀਜ਼ ਮਹਿਮਾਨਾਂ ਨਾਲ ਘੁਲਣ-ਮਿਲਣ ਦਾ ਮੌਕਾ ਮਿਲੇਗਾ। ਅਗਲੇ ਦਿਨ, ੨੫ ਅਕਤੂਬਰ ਦਿਨ ਸ਼ਨਿੱਚਰਵਾਰ ਨੂੰ ਢਾਹਾਂ ਪੰਜਾਬੀ ਸਾਹਿਤ ਇਨਾਮ ਦੇ ਜੇਤੂਆਂ ਦੇ ਸਨਮਾਨ ਵਿੱਚ ਯੂਨੀਵਰਸਿਟੀ ਆਫ ਬ੍ਰਿਟਿਸ਼ ਕੋਲੰਬੀਆ ਦੇ ਮਿਊਜ਼ੀਅਮ ਆਫ ਐਂਥਰੋਪੌਲੌਜੀ ਵਿਖੇ ਇੱਕ ਵੱਡੀ ਦਾਅਵਤ ਦਿੱਤੀ ਜਾਵੇਗੀ। ਇਸ ਵਿੱਚ ਸ਼ਾਮਲ ਹੋਣ ਲਈ ਕ੍ਰਿਪਾ ਕਰਕੇ contact@dhahanprize.com ਤੋਂ ਸੰਪਰਕ ਕਰੋ। ਹੋਰ ਜਾਣਕਾਰੀ ਲਈ www.dhahanprize.com ਤੇ ਜਾਇਆ ਜਾ ਸਕਦਾ ਹੈ।

ਢਾਹਾਂ ਪੰਜਾਬੀ ਸਾਹਿਤ ਇਨਾਮ ਬਾਰੇ:

ਢਾਹਾਂ ਪੰਜਾਬੀ ਸਾਹਿਤ ਇਨਾਮ ਪੰਜਾਬੀ ਬੋਲੀ ਅਤੇ ਸਾਹਿਤ ਦੇ ਅਮੀਰ ਸੱਭਿਆਚਾਰ ਅਤੇ ਪਾਰ-ਰਾਸ਼ਟਰੀ ਵਿਰਸੇ ਨੂੰ ਪੰਜਾਬੀ ਗਲਪ ਦੀ ਬਿਹਤਰੀਨ ਰਚਨਾ ਨੂੰ ਸਲਾਨਾ ਇਨਾਮ ਦੇ ਕੇ ਮਨਾਉਂਦਾ ਹੈ। ਇਨਾਮ ਦਾ ਮਕਸਦ ਸਰਹੱਦਾਂ ਦੇ ਆਰ-ਪਾਰ ਪੰਜਾਬੀ ਸਾਹਿਤ ਦੀ ਰਚਨਾ ਨੂੰ ਉਤਸ਼ਾਹਿਤ ਕਰਨਾ, ਦੁਨੀਆ ਭਰ ਵਿੱਚ ਫੈਲੇ ਪੰਜਾਬੀ ਭਾਈਚਾਰਿਆਂ ਨੂੰ ਆਪਸ ਵਿਚ ਜੋੜਨਾ ਅਤੇ ਪੰਜਾਬੀ ਸਾਹਿਤ ਨੂੰ ਵਿਸ਼ਵ ਪੱਧਰ ਤੇ ਲਿਜਾਣਾ ਹੈ। ਢਾਹਾਂ ਇਨਾਮ ਕੈਨੇਡਾ ਇੰਡੀਆ ਐਜੂਕੇਸ਼ਨ ਸੋਸਾਇਟੀ (ਸੀ. ਆਈ. ਈ. ਐੱਸ.) ਵੱਲੋਂ ਯੂਨੀਵਰਸਿਟੀ ਆਫ ਬ੍ਰਿਟਿਸ਼ ਕੋਲੰਬੀਆ (ਯੂ. ਬੀ. ਸੀ.) ਦੀ ਫੈਕਲਟੀ ਆਫ ਆਰਟਸ ਵਿਚਲੇ ਏਸ਼ੀਅਨ ਸਟੱਡੀਜ਼ ਵਿਭਾਗ ਨਾਲ ਸਾਂਝੇ ਤੌਰ ਉੱਤੇ ਦਿੱਤਾ ਜਾਂਦਾ ਹੈ। ਹੋਰ ਜਾਣਕਾਰੀ www.dhahanprize.com ਤੋਂ ਮਿਲ ਸਕਦੀ ਹੈ ਅਤੇ ਤੁਸੀਂ ਸਾਨੂੰ Facebook ਅਤੇ Twitter ਉੱਤੇ ਵੀ ਮਿਲ ਸਕਦੇ ਹੋ।